ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਜਲੰਧਰ

ਈ-ਮੇਲ ਆਈ.ਡੀ:- deose.jalandhar@punjabeducation.gov.in

ਸੇਵਾ ਵਿਖੇ

ਮਾਣਯੋਗ ਡਿਪਟੀ ਕਮਿਸ਼ਨਰ
ਜਲੰਧਰ

ਪੱਤਰ ਨੰ. ਜੀ-4/2023- 247062
ਮਿਤੀ ਜਲੰਧਰ - 4/09/23

ਵਿਸ਼ਾ- ਸਕੂਲ ਆਫ ਐਮੀਨੈਂਸ ਦੇ ਸਟ੍ਰਕੱਚਰਲ ਸੈਫਟੀ ਲਈ ਕਮੇਟੀ ਦਾ ਗਠਨ ਕਰਨ ਸਬੰਧੀ।

ਹਵਾਲਾ- ਪੰਜਾਬ ਸਰਕਾਰ ਲੋਕ ਨਿਰਮਾਣ ਵਿਭਾਗ (ਇਮਾਰਤਾ ਤੇ ਸੜਕਾਂ -3 ਸ਼ਾਖਾ ਦੇ ਪਿੱਠ ਅੰਕਣ ਨੰ. 11/22/2023-5ਇਸ3/3381-3393 ਮਿਤੀ ਚੰਡੀਗੜ੍ਹ-28-08-2023 ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿਚ ਬੇਨਤੀ ਸਹਿਤ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਲੋਕ ਨਿਰਮਾਣ ਵਿਭਾਗ (ਇਮਾਰਤਾ ਤੇ ਸੜਕਾਂ-3 ਸ਼ਾਖਾ ) (ਨਾਲ ਨੱਥੀ) ਪੱਤਰ ਅਨੁਸਾਰ ਸਕੂਲ ਆਫ ਐਮੀਨੈਂਸ ਵਿਚ ਸਟ੍ਰਕੱਚਰਲ ਸੈਫਟੀ ਚੈੱਕ ਕਰਨ ਲਈ ਕਮੇਟੀ ਦਾ ਗਠਨ ਕੀਤਾ ਗਿਆ ਹੈ ਅਤੇ ਲੜੀ ਨੰ-5 ਤੇ ਦਰਜ ਜਿਲਾ ਸਿੱਖਿਆ ਅਫਸਰ (ਮੈਂਬਰ) ਆਪਣੇ ਨੁਮਾਇਦੇ ਵੱਜੋ ਸਬੰਧਤ ਸਕੂਲਾਂ ਦੇ ਹੇਠ ਲਿਖੇ ਬੀ.ਐਨ.ਓ ਬਤੌਰ ਮੈਂਬਰ ਸ਼ਾਮਿਲ ਕੀਤੇ ਗਏ ਹਨ।

ਇਸ ਲਈ ਇਹਨਾਂ ਸਕੂਲਾ ਵਿਚ ਬਿਲਡਿੰਗ ਦੀ ਸਟ੍ਰਕੱਚਰਲ ਸੈਫਟੀ ਦੇ ਕੰਮ ਨੂੰ ਮੁੱਖ ਰੱਖਦੇ ਹੋਏ ਆਪਦੇ ਅਧੀਨ ਆਉਦੇ ਇਹਨਾਂ ਸਕੂਲ ਹਲਕਿਆਂ ਦੇ ਮਾਣਯੋਗ ਉਪ ਮੰਡਲ ਮੈਜਿਸਟਰੇਟ ਨੂੰ ਵਿਭਾਗ ਦੇ ਪੱਤਰ ਅਨੁਸਾਰ ਬਿਲਡਿੰਗ ਦੀ ਸਟ੍ਰਕੱਚਰਲ ਸੈਫਟੀ ਚੈਕ ਕਰਵਾਕੇ ਰਿਪੋਰਟ ਮਿਤੀ-15-09-2023 ਤੱਕ ਭੇਜਣੀ ਸਬੰਧੀ ਕਹਿਣ ਦੀ ਖੇਚਲ ਕੀਤੀ ਜਾਵੇ ਜੀ।।

ਨੱਥੀ- ਵਿਭਾਗ ਦਾ ਪੱਤਰ।

| ਲੜੀ ਨੰ | ਐਸ.ਓ.ਈ ਸਕੂਲ | ਬੀ.ਐਨ.ਓ | ਮੋਬਾਈਲ ਨੰਬਰ |
|---|---|---|---|
| 1. | GSSS Nakodar Boys | ਸ੍ਰੀ ਧਰਮਿੰਦਰ ਹੈਣਾ | 7889208829 |
| 2 | GGsss Model Town | ਸ੍ਰੀਮਤੀ ਸੰਗੀਤਾ | 8146966544 |
| 3 | Gsss Maqsudan | ਸ੍ਰੀ ਭੁਪਿੰਦਰ ਸਿੰਘ | 9855160551 |
| 4 | Gsss Bhargo Camp Boys | ਸ੍ਰੀਮਤੀ ਪਰਮਿੰਦਰ ਫਲੌਰਾ | 7837100116 |
| 5 | Gsss Phillaur | ਸ੍ਰੀ ਰਜਵੰਤ ਸਿੰਘ | 9872869180 |
| 6 | Gsss Adampur | ਸ੍ਰੀ ਰਾਮ ਆਸਰਾ | 9463072748 |
| 7 | GMsss Ladowali Road | ਸ੍ਰੀਮਤੀ ਸੁਨੀਤਾ ਸਹੋਤਾ | 9501200577 |
| 8 | Gsss Kartarpur | ਸ੍ਰੀ ਨਵਤੇਜ ਬੱਲ | 9417532157 |
| 9 | Gsss Bajwa kalan | ਸ੍ਰੀ ਹਰਪ੍ਰੀਤ ਸੋਧੀ | 9417137965 |

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)
ਜਲੰਧਰ।
4/9/23

ਪਿੱਠ ਅੰਕਣ ਨੰ. ਅਤੇ ਮਿਤੀ ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਪੰਜਾਬ ਸਰਕਾਰ ਲੋਕ ਨਿਰਮਾਣ ਵਿਭਾਗ (ਇਮਾਰਤਾ ਤੇ ਸੜਕਾਂ -3 ਸ਼ਾਖਾ ਚੰਡੀਗੜ੍ਹ ਸੂਚਨਾ ਹਿੱਤ।
2. ਸਬੰਧਤ ਸਕੂਲ ਬੀ.ਐਨ.ਓ ਬਤੌਰ ਕਮੇਟੀ ਮੈਂਬਰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)
ਜਲੰਧਰ।
4/9/23

4073

ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ
(ਇਮਾਰਤਾਂ ਤੇ ਸੜਕਾਂ- 3 ਸ਼ਾਖਾ)

ਹੁਕਮ

ਸਕੂਲ ਆਫ ਐਮੀਨੈਂਸ ਪੰਜਾਬ ਸਰਕਾਰ ਦਾ ਇੱਕ ਬਹੁਤ ਮਹੱਤਵਪੂਰਨ ਪ੍ਰਜੈਕਟ ਹੈ, ਜਿਸ ਅਧੀਨ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ 117 ਮੌਜੂਦਾ ਸਕੂਲਾਂ ਨੂੰ ਅੱਪਗ੍ਰੇਡ ਕਰਕੇ ਸਕੂਲ ਆਫ ਐਮੀਨੈਂਸ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਇਹ ਧਿਆਨ ਵਿੱਚ ਆਇਆ ਹੈ ਕਿ ਬੱਦੋਵਾਲ, ਜ਼ਿਲ੍ਹਾ ਲੁਧਿਆਣਾ ਵਿਖੇ ਅਪਗ੍ਰੇਡ ਕੀਤੇ ਜਾ ਰਹੇ ਸਕੂਲ ਆਫ ਐਮੀਨੈਂਸ ਦੀ ਛੱਤ ਡਿੱਗਣ ਨਾਲ ਜਾਨ-ਮਾਲ ਦਾ ਨੁਕਸਾਨ ਹੋਇਆ ਹੈ। ਅਜਿਹੇ ਹਾਦਸੇ ਵਾਪਰਣ ਕਾਰਣ, ਮੀਡੀਆ ਵਿੱਚ ਸਰਕਾਰ ਦੀ ਅਹਿਮ ਸਕੀਮ ਸਬੰਧੀ ਪ੍ਰਤੀਕੂਲ ਪ੍ਰਚਾਰ ਹੋਇਆ ਹੈ ਅਤੇ ਸਰਕਾਰ ਦੇ ਅਕਸ ਤੇ ਮਾੜਾ ਪ੍ਰਭਾਵ ਪਿਆ ਹੈ। ਇਸ ਲਈ ਸਾਰੇ 117 ਅੱਪਗ੍ਰੇਡ ਕੀਤੇ ਜਾਣ ਵਾਲੇ ਸਕੂਲ ਆਫ ਐਮੀਨੈਂਸ ਦੀਆਂ ਉਸਾਰੀਆਂ ਭਾਵੇਂ ਕਿਸੇ ਵੀ ਕਾਰਜਕਾਰੀ ਏਜੰਸੀ ਵੱਲੋਂ ਕੀਤੀ ਜਾ ਰਹੀ ਹੋਵੇ, ਦੀ ਸਟ੍ਰਕੱਚਰਲ ਸੇਫਟੀ ਯਕੀਨੀ ਬਣਾਉਣ ਲਈ ਸਬੰਧਤ ਉਪ ਮੰਡਲ ਮੈਜਿਸਟਰੇਟ ਦੀ ਪ੍ਰਧਾਨਗੀ ਅਧੀਨ ਹੇਠ ਅਨੁਸਾਰ ਗਠਿਤ ਕੀਤੀ ਗਈ ਕਮੇਟੀ ਵੱਲੋਂ ਚੈਕਿੰਗ ਕੀਤੀ ਜਾਵੇਗੀ:-

| | | |
|---|---|---|
| (1) | ਸਬੰਧਤ ਉਪ ਮੰਡਲ ਮੈਜਿਸਟਰੇਟ | - ਚੇਅਰਮੈਨ |
| (2) | ਸਬੰਧਤ ਨਿਗਰਾਨ ਇੰਜੀਨੀਅਰ, ਲੋਕ ਨਿਰਮਾਣ ਵਿਭਾਗ | - ਮੈਂਬਰ |
| (3) | ਸਬੰਧਤ ਕਾਰਜਕਾਰੀ ਇੰਜੀਨੀਅਰ, ਲੋਕ ਨਿਰਮਾਣ ਵਿਭਾਗ | - ਮੈਂਬਰ |
| (4) | ਸਬੰਧਤ ਉਪ ਮੰਡਲ ਇੰਜੀਨੀਅਰ, ਲੋਕ ਨਿਰਮਾਣ ਵਿਭਾਗ | - ਮੈਂਬਰ |
| (5) | ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਦਾ ਨੁਮਾਇੰਦਾ | - ਮੈਂਬਰ |

3. ਉਕਤ ਗਠਿਤ ਕੀਤੀ ਗਈ ਕਮੇਟੀ ਆਪਣੇ ਅਧੀਨ ਆਉਂਦੀਆਂ ਇਮਾਰਤਾਂ ਦਾ ਨਿਰੀਖਣ ਕਰਕੇ ਮਿਤੀ 15.09.2023 ਤੱਕ ਸਰਕਾਰ ਨੂੰ ਰਿਪੋਰਟ ਪੇਸ਼ ਕਰੇਗੀ, ਜਿਸ ਵਿਚ ਖਾਸ ਤੌਰ ਤੇ ਦੱਸਿਆ ਜਾਵੇਗਾ ਕਿ ਸਾਰੇ ਸਕੂਲਾਂ ਵਿੱਚ ਨਿਰਮਾਣ ਕਾਰਜ਼ ਸਟ੍ਰਕੱਚਰਲ ਸੇਫਟੀ ਅਨੁਸਾਰ ਕੀਤੇ ਜਾ ਰਹੇ ਹਨ। ਜੇਕਰ ਅਜਿਹਾ ਨਹੀਂ ਹੋ ਰਿਹਾ ਤਾਂ ਉਸ ਨੂੰ ਸੁਨਿਸ਼ਚਿਤ ਕਰਵਾਉਣ ਲਈ ਕੀ ਸੁਧਾਰਯੋਗ ਕਦਮ ਚੁੱਕੇ ਜਾਣੇ ਬਣਦੇ ਹਨ, ਬਾਰੇ ਕਮੇਟੀ ਆਪਣੀ ਤੱਥਾਂ ਤੇ ਅਧਾਰਤ ਸਿਫ਼ਾਰਸ਼ ਸਰਕਾਰ ਨੂੰ ਪੇਸ਼ ਕਰੇਗੀ ਤਾਂ ਜੋ ਜਾਨ-ਮਾਲ ਦੀ ਸੇਫਟੀ ਨੂੰ ਹਰ ਪੱਖੋਂ ਸੁਨਿਸ਼ਚਿਤ ਕੀਤਾ ਜਾ ਸਕੇ।

ਮਿਤੀ, ਚੰਡੀਗੜ੍ਹ
28.08.2023

ਪ੍ਰਿਯਾਂਕ ਭਾਰਤੀ
ਸਕੱਤਰ, ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ (ਭ ਤੇ ਮ)

ਪਿੱ:ਨੰ:ਅੰ: 11/22/2023-5ਇਸ3/3381-3393, ਮਿਤੀ, ਚੰਡੀਗੜ੍ਹ: 28.08.2023

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਨਿੱਜੀ ਸਕੱਤਰ/ਮੁੱਖ ਮੰਤਰੀ, ਪੰਜਾਬ
2) ਨਿੱਜੀ ਸਕੱਤਰ/ਸਕੂਲ ਸਿੱਖਿਆ ਵਿਭਾਗ ਮੰਤਰੀ, ਪੰਜਾਬ।
3) ਨਿੱਜੀ ਸਕੱਤਰ/ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਮੰਤਰੀ, ਪੰਜਾਬ।
4) ਨਿੱਜੀ ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ।
5) ਨਿੱਜੀ ਸਕੱਤਰ/ਵਿੱਤੀ ਕਮਿਸ਼ਨਰ, ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ, ਪੰਜਾਬ।
6) ਨਿੱਜੀ ਸਕੱਤਰ/ਸਕੱਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ।
7) ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਸਰਕਾਰ।
8) ਸਮੂਹ ਮੁੱਖ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਭ ਤੇ ਮ), ਪੰਜਾਬ।
9) ਸਬੰਧਤ ਉਪ ਮੰਡਲ ਮੈਜਿਸਟਰੇਟ।
10) ਸਮੂਹ ਨਿਗਰਾਨ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਭ ਤੇ ਮ)।
11) ਸਬੰਧਤ ਉਪ ਮੰਡਲ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਭ ਤੇ ਮ)।
12) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ), ਸਕੂਲ ਸਿੱਖਿਆ ਵਿਭਾਗ, ਪੰਜਾਬ।
13) ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਨੂੰ ਸੂਚਨਾ ਹਿੱਤ।

28/8/2023
ਸੁਪਰਡੰਟ

ਅੰਦਰੂਨੀ ਵੰਡ:

1) ਵਿਸ਼ੇਸ਼ ਸਕੱਤਰ ਮੰਤਰੀ/ਲੋਕ ਨਿਰਮਾਣ ਅਤੇ ਬਿਜਲੀ ਵਿਭਾਗ ਮੰਤਰੀ, ਪੰਜਾਬ।
2) ਨਿੱਜੀ ਸਕੱਤਰ/ਸਕੱਤਰ, ਲੋਕ ਨਿਰਮਾਣ ਵਿਭਾਗ (ਭ ਤੇ ਮ), ਪੰਜਾਬ।
3) ਨਿੱਜੀ ਸਹਾਇਕ/ ਵਿਸ਼ੇਸ ਸਕੱਤਰ, ਲੋਕ ਨਿਰਮਾਣ ਵਿਭਾਗ (ਭ ਤੇ ਮ), ਪੰਜਾਬ।
4) ਸ.ਸ.ਸ./ਅਧੀਨ ਸਕੱਤਰ, ਲੋਕ ਨਿਰਮਾਣ ਵਿਭਾਗ (ਭ ਤੇ ਮ), ਪੰਜਾਬ।